ਸਭ ਹੱਕ ਰਾਖਵੇਂ ਹਨ।

ਨਾਵਲ

G.435

## ਚੰਦ੍ਰਕਾਂਤਾ ਦੀ ਛੋਟੀਭੈਣ

# ਕੁਸਮਲਤਾ

### ਹਿੱਸਾ ਚੌਥਾ

ਜਿਸਦਾ ਸ਼ਾਸਤ੍ਰੀ ਵਿਚੋਂ ਉਰਦੂ ਤਰਜਮਾ

**ਲਾਲਾ ਰਾਮ ਨਾਥ ਸਾਹਿਬ**

ਮਾਲਕ ਅਖਬਾਰ 'ਹਕ ਪਸੰਦ' ਅਮ੍ਰਿਤਸਰ ਨੇ
ਕੀਤਾ ਹੈ ਹਸਬ ਫਰਮਾਇਸ਼ ਲਛਮਨ ਦਾਸ
ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ
ਅਮ੍ਰਿਤਸਰ

---

ਭਾਈ ਠਾਕਰ ਸਿੰਘ ਮੈਨੇਜਰ ਦੇ ਯਤਨ ਨਾਲ
ਭਾਰਤ ਪ੍ਰਿੰਟਿੰਗ ਪ੍ਰੈਸ, ਅਮ੍ਰਿਤਸਰ ਵਿੱਚ ਛਪਾ

੧ ਓ ਸਤਿਗੁਰਪ੍ਰਸਾਦਿ ॥

# ਚੰਦ੍ਰ ਕਾਂਤਾ

ਦੀ ਛੋਟੀ ਭੈਣ

# ਕੁਸਮਲਤਾ ਭਾਗ ਚੌਥਾ

ਪਿਛੇ ਲਈ ਦੇਖੋ ਭਾਗ ੧-੨-੩

ਜਿਸ ਦਾ ਬਾਬੂ ਅਰੂੜ ਸਿੰਘ ਤਾਇਬ ਨੇ ਉਲਥਾ ਕੀਤਾ

## ਪਹਿਲਾ ਅੰਕ

[ਦੁਰਗਾ ਸਹਾਇਤਾ ਕਰੋ]

ਹੁਣ ਅਸੀ ਆਪਨ ਪਿਆਰੇ ਪਾਠਕਾਂ ਨੂੰ ਇਸ ਤਲਿਸਮ ਦੇ ਅੰਧਘੋਰ ਭਜਾਨਕ ਅਤੇ ਪਥਰੀਲੀ ਜਿਮੀ ਦੇ ਇਕ ਕੈਦਖਾਨੇ ਵਿਚ ( ਜਿਸ ਵਿਚ ਚਾਨਣ ਤਾਂ ਕਿਧਰੇ ਰਿਹਾ ਸੂਰਜ ਦੀ ਕਿਰਨ ਮਾਤ੍ਰ ਭੀ ਜਦ ਤੋਂ ਬਣਿਆ ਹੈ ਨਹੀਂ ਗਈ) ਲੈ ਚਲਦੇ ਹਾਂ। ਉਪਰੋਂ ਕੈਦ ਖਾਨੇ ਵਿਚ ਜਾਨ ਲਈ ਇਕ ਪਥਰ ਦੀ ਪੌੜੀ ਹੈ ਅਰ ਹੇਠਾਂ ਦੇ ਤਹਿਖਾਨੇ ਵਾਂਙੂ ਇਥੇ ਭੀ ਅੰਧੇਰਾ ਹੈ। ਕੈਦੀ ਦੇ ਲਈ ਇਕ ਲੋਹੇ ਦਾ ਪਲੰਘ ਦੋ ਕੰਬਲ ਅਰ ਇਕ

ਪਾਣੀ ਦਾ ਘੜਾ ਇਕ ਨੁਕਰ ਵਿਚ ਰਖਿਆ ਹੈ ਅਰ ਦੂਜੀ ਨੁਕਰ ਵਿਚ ਕਰਮਾਂ ਦਾ ਮਾਰਿਆ ਕੈਦੀ ਜਿਸਦੇ ਹਥਾਂ ਦੇ ਨਹੁੰ ਸਿਰਦੇ ਕੇਸ ਜਟਾਂ ਹੋਏ ਹੋਏ ਵਧੇ ਹੋਏ ਹਨ ਅਰ ਸਰੀਰ ਦਾ ਰੰਗ ਪਿਲੱਤਣ ਮਾਰਿਆ ਹਲਦੀ ਵਾਂਙੂ ਹੋਯਾ ਹੋਯਾ ਹੈ ਜੋ ਸਿਰ ਨੂੰ ਗੋਡਿਆਂ ਤੇ ਮੂਧਾ ਮਾਰੇ ਹੋਏ ਬੈਠਾ ਹੋਯਾ ਹੈ।

ਇਸਦਾ ਇਹ ਹਾਲ ਦੇਖਕੇ ਬਹੁਤ ਹੀ ਜੀ ਦੁਖੀ ਹੁੰਦਾ ਹੈ। ਹਾਇ! ਜਦ ਆਪਨੂੰ ਇਹ ਮਲੂਮ ਹੋਵੇਗਾ ਕਿ ਅਭਾਗੀ ਕੈਦੀ ਹੈ ਕੌਣ ? ਤਾਂ ਆਪਨੂੰ ਇਸਤੋਂ ਭੀ ਵਧਕੇ ਖੇਦ ਹੋਵੇਗਾ। ਪਾਠਕੋ! ਇਹ ਮਹਾਰਾਜ ਪ੍ਰਿਥਵੀ ਸਿੰਘ ਦੇ ਵਡੇ ਪੁਤ੍ਰ ਕੁੰਵਰ ਬਿਕ੍ਰਮਾ ਜੀਤ ਸਿੰਘ ਜੀ ਹਨ ਜੋ ਤਲਿਸਮੀ ਕੈਦ ਵਿਚ ਫਸਕੇ ਇਸ ਹਾਲ ਨੂੰ ਪਹੁੰਚ ਗਏ ਹਨ। ਜਦ ਤੋਂ ਇਨਾਂ ਨੂੰ ਸੋਮਨਾਥ ਸੰਨਿਆਸੀ ਨੇ ਉਸ ਖੂੰਦ੍ਰਾਂ ਵਿਚੋਂ ਲਿਆਕੇ ਤਲਿਸਮ ਵਿਚ ਕੈਦ ਕਰਾਯਾ ਹੈ ਤਦ ਤੋਂ ਇਹ ਇਸੇ ਕੈਦਖਾਨੇ ਵਿਚ ਹੀ ਆਪਣੀ ਬਿਪਤਾ ਦੇ ਦਿਨ ਕਟ ਰਹੇ ਹਨ। ਬੈਠੇ ਬੈਠੇ ਕਿੰਨਾ ਚਿਰ ਹੀ ਹੋ ਗਿਆ ਪਰ ਇਨਾਂ ਦੇ ਮੂੰਹੋਂ ਕੁਝ ਸੁਨਣ ਵਿਚ ਨਹੀਂ ਆਯਾ। ਅਰ ਇਥੇ ਦੂਜਾ ਹੈ ਹੀ ਕੌਣ ਜਿਸ ਨਾਲ ਕਿ ਇਹ ਕੋਈ ਗਲ ਬਾਤ ਕਰਦੇ। ਪਰ ਕਈ ਘੰਟਿਆਂ ਦੇ ਪਿਛੋਂ ਜੋ ਪਹਿਲੀ ਗਲ ਇਨਾਂ ਦੇ ਮੂੰਹੋਂ ਨਿਕਲੀ ਉਹ ਇਹ ਸੀ "ਹਾਇ ਪਿਤਾ ਜੀ ਨੇ ਭੀ ਸੁਧ



ਭੁਲਾ ਦਿਤੀ" ਸਾਡੇ ਭਰਾ ਨੇ ਭੀ ਖਵਰ ਨਾ ਲਈ। ਕੀ ਹੁਨ ਇਸੇ ਤਰਾਂ ਹੀ ਜਿੰਦਗੀ ਮੁਕੇ ਗੀ ?

ਇਹ ਕਰਕੇ ਰਾਜਕੁਮਾਰ ਬਾਲਾਂ ਵਾਂਙੂ ਰੋਨ ਲਗੇ ਅਰ ਬਹੁਤ ਚਿਰ ਤਕ ਇਸੇ ਤਰਾਂ ਹੀ ਕਰਦੇ ਰਹੇ ਕਿ ਇੰਨੇ ਨੂੰ ਕੁੰਡੇ ਖੁਲਨ ਦਾ ਖੜਾਕ ਹੋਯਾ:—

ਰਾਜਕੁਮਾਰ:—(ਆਪਨੇ ਮਨ ਵਿਚ) ਈਸ੍ਵਰ ਕ੍ਰਿਪਾ ਕਰੇ! ਅਜ ਇਹ ਇਸ ਵੇਲੇ ਕੌਨ ਆਉਂਦਾ ਹੈ ਕਈ ਵਰਿਆਂ ਦੇ ਉਪ੍ਰੰਤ ਇਹ ਨਵੀਂ ਗਲ ਕਿਉਂ ਹੋਈ ?

ਹੁਨ ਕੁਝ ਪੈਰਾਂ ਦਾ ਖੜਾਕ ਮਲੂਮ ਹੋਯਾ ਅਰ ਥੋੜੇ ਹੀ ਚਿਰ ਪਿਛੋਂ ਇਕ ਬੁਢਾ ਆਦਮੀ ਹਥ ਵਿਚ ਕਾਗਜ਼ ਲੀਤੇ ਹੋਏ ਆਉਂਦਾ ਨਜ਼ਰੀ ਪਿਆ, ਇਸਨੂੰ ਦੇਖਦੇ ਹੀ ਕੈਦੀ ਖੜੋ ਗਿਆ ਅਰ ਏਧਰ ਓਧਰ ਟਹਿਲਨ ਲਗਾ। ਇੰਨੇ ਨੂੰ ਬੁਢਾ ਹੇਠਾਂ ਉਤਰ ਆਯਾ ਅਰ ਕੁਝ ਚਿਰ ਤਕ ਰਾਜਕੁਮਾਰ ਦੀ ਵਲ ਦੇਖਕੇ ਅਰ ਬੜੀ ਦਰਦ ਭਰੀ ਅਵਾਜ਼ ਨਾਲ ਆਖਨ ਲਗਾ:—"ਰਾਜਕੁਮਾਰ"

ਰਾਜਕੁਮਾਰ—(ਤ੍ਰਿਬਕ ਕੇ) ਦੇਖੋ ਬਾਬਾ ਜੀ ਅਸਾਂ ਆਪਨੂੰ ਕਈ ਵਾਰੀ ਕਿਹਾ ਹੈ ਕਿ ਮੈਨੂੰ ਇਸ ਨਾਮ ਨਾਲ ਨਾ ਸਦਿਆ ਕਰੋ। ਪਰ ਤੁਸੀਂ ਨਹੀਂ ਮੰਨਦੇ ਅਰ ਮੈਨੂੰ ਵਿਅਰਥ ਦੁਖ ਦੇਂਦੇ ਹੋ।

ਬੁਢ:—(ਭਾਰੀ ਅਵਾਜ਼ ਨਾਲ) ਅਜ ਇਕ ਬੜੀ ਭੈੜੀ ਅਰ ਹੈਰਾਨ ਕਰ ਦੇਣ ਵਾਲੀ ਖਵਰ ਸੁਣੀ ਹੈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.